BRITISH COLUMBIA | HealthLinkBC

Punjabi - Number 92b
Child Development Series - July 2016

# ਤੁਹਾਡੇ ਬੱਚੇ ਦਾ ਵਿਕਾਸ
## ਜਨਮ ਤੋਂ 3 ਸਾਲਾਂ ਤੱਕ

# Your Child's Development
## From Birth to 3 Years

ਸ਼ੁਰੂ ਦੇ ਕੁੱਝ ਮਹੀਨਿਆਂ ਅਤੇ ਸਾਲਾਂ ਦੇ ਤੁਹਾਡੇ ਬੱਚੇ ਦੇ ' ਤਜਰਬੇ ਬਾਕੀ ਸਾਰੀ ਉਮਰ ਲਈ ਉਸ ਦੀ ਸਿਹਤ, ਰਾਜ਼ੀ ਖੁਸ਼ੀ ਅਤੇ ਕੰਮ ਕਰਨ ਦੀ ਸਮਰੱਥਾ ਤੇ ਅਸਰ ਪਾਉਂਦਾ ਹੈ। ਤੁਹਾਡੀ ਪਿਆਰ ਭਰੀ, ਪਾਲਨ ਪੋਸ਼ਣ ਅਤੇ ਸੁਰੱਖਿਆ ਦੀ ਮਾਪਿਆਂ ਵਾਲੀ ਪਹੁੰਚ ਬੱਚੇ ਦਾ ਵਧੀਆ ਵਿਕਾਸ ਸੁਨਿਸ਼ਚਿਤ ਕਰਦੀ ਹੈ। ਆਪਣੇ ਬੱਚੇ ਵੱਲ ਧਿਆਨ ਦਿਓ ਅਤੇ ਸੁਣੋ ਕਿ ਤੁਹਾਡੇ ਬੱਚੇ ਨੂੰ ਕੀ ਚਾਹੀਦਾ ਹੈ ਜਾਂ ਉਸ ਦੀ ਕੀ ਜ਼ਰੂਰਤ ਹੈ। ਇਹ ਦੱਸਣ ਲਈ ਕਿ ਉਹ ਕੀ ਕਹਿ ਰਿਹਾ ਹੈ ਬੱਚਾ ਤੁਹਾਨੂੰ ਕੁੱਝ ਸੰਕੇਤ ਦੇਵੇਗਾ। ਰਿੜ੍ਹਨ ਵਾਲੇ ਸਾਲਾਂ ਵਿਚ ਬੱਚਾ ਬੜੀ ਜਲਦੀ ਵਧਦਾ ਅਤੇ ਸਿੱਖਦਾ ਹੈ।

ਕਈ ਮਾਹਿਰਾਂ ਨੇ ਬੱਚੇ ਦੇ ਵਿਕਾਸ ਨੂੰ 5 ਹਿੱਸਿਆਂ ਵਿਚ ਵੰਡਿਆ ਹੈ: ਸਰੀਰਕ, ਸਮਾਜਕ, ਭਾਵਨਾਤਮਕ, ਬੋਧਾਤਮਿਕ ਅਤੇ ਭਾਸ਼ਾ।

ਉਪਰ ਦਿੱਤੀਆਂ ਵਿਕਾਸ ਦੀਆਂ ਅਵਸਥਾਵਾਂ ਸਿਰਫ਼ ਸੰਕੇਤ ਮਾਤਰ ਹਨ ਕੋਈ ਪੱਕਾ ਕਾਨੂੰਨ ਨਹੀਂ। ਬੱਚੇ ਦੇ ਵਿਕਾਸ ਬਾਰੇ ਸਿੱਖਣਾ ਤੁਹਾਡੇ ਪੋਸ਼ਣ ਲਈ ਚੰਗਾ ਮਾਰਗ ਦਰਸ਼ਨ ਕਰ ਸਕਦਾ ਹੈ। ਬੱਚੇ ਦੇ ਵਿਕਾਸ ਬਾਰੇ ਜੇ ਕਰ ਤੁਹਾਨੂੰ ਕੋਈ ਚਿੰਤਾ ਹੈ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਗੱਲ ਕਰੋ।

### ਜਨਮ ਤੋਂ 3 ਮਹੀਨਿਆਂ ਤੱਕ ਤੁਹਾਡਾ ਬੱਚਾ:

- ਜਨਮ ਤੋਂ ਹੀ ਮਾਪਿਆਂ ਦੀਆਂ ਆਵਾਜ਼ਾਂ ਪਹਿਚਾਣਦਾ ਹੈ
- ਆਪਣੀ ਆਵਾਜ਼ ਨੂੰ ਲੱਭ ਲੈਂਦਾ ਹੈ
- ਅਖਾਂ ਮਿਲ਼ਾ ਕੇ ਖੁਸ਼ ਹੁੰਦਾ ਹੈ, ਲੋਕਾਂ ਵੱਲ ਵੇਖ ਕੇ ਹੱਸਦਾ ਹੈ ਚਿਹਰੇ ਪਹਿਚਾਣਦਾ ਹੈ
- ਆਪਣੀਆਂ ਜ਼ਰੂਰਤਾਂ ਦੱਸਣ ਲਈ ਰੋਂਦਾ ਹੈ
- ਜਦੋਂ ਧਿਆਨ ਦਿੱਤਾ ਜਾਏ ਤਾਂ ਗਰਰ ਗਰਰ ਦੀ ਆਵਾਜ਼ ਕਰ ਕੇ ਖੁਸ਼ੀ ਜ਼ਾਹਿਰ ਕਰਦਾ ਹੈ
- ਆਵਾਜ਼ ਸੁਣਕੇ ਹੈਰਾਨ ਹੁੰਦਾ ਹੈ ਅਤੇ ਸਮੇਂ ਸਿਰ ਆਵਾਜ਼ ਪ੍ਰਤੀ ਪ੍ਰਤੀਕ੍ਰਿਆ ਕਰਦਾ ਹੈ
- ਬਾਂਹਾਂ ਅਤੇ ਲੱਤਾਂ ਨੂੰ ਅਕੜਾਉਂਦਾ ਜਾਂ ਹਿਲਾਉਂਦਾ ਹੈ
- ਜਦੋਂ ਪੇਟ ਭਾਰ ਪਿਆ ਹੋਵੇ ਤਾਂ ਸਿਰ ਚੁੱਕਦਾ ਹੈ
- ਆਵਾਜ਼ਾਂ ਅਤੇ ਹਿੱਲ ਜੁੱਲ ਨੂੰ ਵੇਖਣ ਲਈ ਸਿਰ ਉਪਰ ਚੁੱਕਦਾ ਹੈ
- ਇੱਕ ਪਾਸੇ ਪਾਸਾ ਮੋੜਦਾ ਹੈ
- ਹੱਥਾਂ ਪੈਰਾਂ ਨੂੰ ਮਹਿਸੂਸ ਕਰਦਾ ਹੈ ਅਤੇ ਚੀਜ਼ਾਂ ਨੂੰ ਫੜਦਾ ਹੈ
- ਹਿੱਲ ਰਹੀਆਂ ਚੀਜ਼ਾਂ ਵੱਲ ਅੱਖਾਂ ਮੋੜਦਾ ਹੈ

### 3 ਤੋਂ 6 ਮਹੀਨਿਆਂ ਦਾ ਤੁਹਾਡਾ ਬੱਚਾ:

- ਲਗਭਗ 90 ਡਿਗਰੀ ਤੱਕ ਸਿਰ ਚੁੱਕਦਾ ਹੈ
- ਕੁੱਝ_ ਸਹਾਰੇ ਨਾਲ ਬੈਠਦਾ ਹੈ
- ਸਹਾਰੇ ਨਾਲ ਖੜ੍ਹਾ ਹੁੰਦਾ ਹੈ
- ਪੂਰਾ ਪਾਸਾ ਮੋੜ ਲੈਂਦਾ ਹੈ
- ਚੀਜ਼ਾਂ ਨੂੰ ਫੜਦਾ ਅਤੇ ਛੱਡਦਾ ਹੈ
- ਆਪਣੇ ਨਾਮ ਨੂੰ ਸੁਣ ਕੇ ਪ੍ਰਤੀਕ੍ਰਿਆ ਕਰਦਾ ਹੈ
- ਸਮਾਜਕ ਮੇਲ ਮਿਲਾਪ ਵਿਚ ਖੁਸ਼ ਹੁੰਦਾ ਹੈ
- ਰੰਗਾਂ ਵਿੱਚ ਦਿਲਚਸਪੀ ਦਰਸ਼ਾਉਂਦਾ ਹੈ
- ਚਿਹਰੇ ਪਹਿਚਾਣਦਾ ਹੈ ਅਤੇ ਜਾਣੇ ਪਹਿਚਾਣੇ ਲੋਕਾਂ ਨੂੰ ਪਹਿਲ ਦਿੰਦਾ ਹੈ
- ਜਦੋਂ ਖੁਸ਼ ਹੋਵੇ ਤਾਂ ਰੌਲਾ ਪਾਉਂਦਾ ਹੈ, ਹੱਸਦਾ ਹੈ ਅਤੇ ਕਿਲਕਾਰੀਆਂ ਮਾਰਦਾ ਹੈ
- ਜੇ ਖਿਡਾਉਣਾ ਅੱਖਾਂ ਤੋਂ ਓਹਲੇ ਕਰ ਦਿੱਤਾ ਜਾਏ ਤਾਂ ਸੋਚਦਾ ਹੈ ਕਿ ਉਹ ਹੁਣ ਨਹੀਂ ਹੈ

### 6 ਤੋਂ 12 ਮਹੀਨਿਆਂ ਦਾ ਤੁਹਾਡਾ ਬੱਚਾ:

- ਆਪਣੇ ਨਾਮ ਨੂੰ ਪਹਿਚਾਣਦਾ ਹੈ
- "ਮੰਮੀ" ਜਾਂ "ਡੈਡੀ" ਜਿਹੇ ਕਈ ਸ਼ਬਦਾਂ ਤੇ ਪ੍ਰਤੀਕ੍ਰਿਆ ਕਰਦਾ ਹੈ
- ਆਵਾਜ਼ਾਂ ਕਰਦਾ ਹੈ ਜਾਂ ਦੁਹਰਾਉਂਦਾ ਹੈ ਜਾਂ ਸ਼ੋਰ ਪਾਉਂਦਾ ਹੈ
- ਹੋਰ ਬੱਚਿਆਂ ਜਾਂ ਲੋਕਾਂ ਦੀਆਂ ਸਾਦੀਆਂ ਹਰਕਤਾਂ ਦੀ ਨਕਲ ਕਰਦਾ ਹੈ
- ਆਪਣੀ ਪਸੰਦ ਜਾਂ ਨਾਪਸੰਦਗੀ ਬਾਰੇ ਜਾਂ ਖੁਸ਼ੀ ਜਾਂ ਦੁਖ ਬਾਰੇ ਤਿੱਖੇ ਹਾਵ ਭਾਵ ਪ੍ਰਗਟ ਕਰਦਾ ਹੈ
- ਬਿਨਾਂ ਮਦਦ ਤੋਂ ਕਾਫੀ ਦੇਰ ਬੈਠ ਸਕਦਾ ਹੈ
- ਬਿਨਾਂ ਢੱਕਣ ਦੇ ਕੱਪ ਤੋਂ ਪਾਣੀ ਪੀਂਦਾ ਹੈ
- ਮਦਦ ਨਾਲ ਜਾਂ ਫੜ ਕੇ ਪੱਕੀ ਤਰ੍ਹਾਂ ਖੜ੍ਹਾ ਹੁੰਦਾ ਹੈ
- ਪੇਟ ਭਾਰ ਹਿੱਲਦਾ ਜਾਂ ਖਿਸਕਦਾ ਹੈ ਅਤੇ ਫਿਰ ਰਿੜ੍ਹਦਾ ਹੈ
- 8 ਅਤੇ 18 ਮਹੀਨਿਆਂ ਦੀ ਉਮਰ ਵਿਚ ਪਹਿਲਾ ਕਦਮ ਚੁੱਕਦਾ ਅਤੇ ਅਤੇ ਆਪਣੇ ਆਪ ਚੱਲਦਾ ਹੈ
- ਰਿੜ੍ਹ ਕੇ ਅਤੇ ਚੱਲ ਕੇ ਖੁਸ਼ ਹੁੰਦਾ ਹੈ
- ਸਭ ਦੇ ਧਿਆਨ ਦਾ ਕੇਂਦਰ ਬਣ ਕੇ ਖੁਸ਼ ਹੁੰਦਾ ਹੈ
- ਕਿਸੇ ਓਪਰੇ ਨੂੰ ਦੇਖ ਕੇ ਡਰਦਾ ਹੈ ਅਤੇ ਜੇ ਮਾਪੇ ਚਲੇ ਜਾਣ ਤਾਂ ਰੋਂਦਾ ਹੈ
- ਖਿਡਾਉਣਿਆਂ ਜਾਂ ਚੀਜ਼ਾਂ ਨੂੰ ਕਿਸੇ ਮਤਲਬ ਲਈ ਸੁੱਟਦਾ ਹੈ
- ਸਾਂਝੀਆਂ ਖੇਡਾਂ ਖੇਡਦਾ ਹੈ ਜਿਵੇਂ ਕਿ ਝਾ ਕਰਨੀ ਜਾਂ ਤਾੜੀਆਂ ਮਾਰਨੀਆਂ

- ਆਪਣੀ ਜ਼ਿੰਦਗੀ ਵਿਚ ਇਹ ਸਾਰੀਆਂ ਉਤੇਜਨਾ ਵਾਲੀਆਂ ਤਬਦੀਲੀਆਂ ਦੇ ਬਾਵਜੂਦ ਬੱਚੇ ਨੂੰ ਸੌਣ ਵਿਚ ਮੁਸ਼ਕਲ ਹੋ ਸਕਦੀ ਹੈ

## 12 ਤੋਂ 18 ਮਹੀਨਿਆਂ ਦਾ ਤੁਹਾਡਾ ਬੱਚਾ:

- ਕਾਫੀ ਤਾਕਤ ਹੁੰਦੀ ਹੈ ਅਤੇ ਹਰ ਇੱਕ ਚੀਜ਼ ਦੀ ਜਾਂਚ ਪੜਤਾਲ ਕਰਨਾ ਚਾਹੁੰਦਾ ਹੈ
- ਉਂਗਲਾਂ ਜਾਂ ਚਮਚ ਨਾਲ ਆਪਣੇ ਆਪ ਖਾ ਸਕਦਾ ਹੈ
- ਪੰਘੂੜੇ ਵਿਚੋਂ ਬਾਹਰ ਨਿਕਲ ਸਕਦਾ ਹੈ
- ਆਪਣੇ ਆਪ ਚੱਲਦਾ ਹੈ ਅਤੇ ਇੱਕ ਇੱਕ ਕਰ ਕੇ ਪੌੜੀਆਂ ਚੜ੍ਹਦਾ ਹੈ
- ਛੋਟੇ ਵਾਕਾਂ ਵਿੱਚ ਗੱਲ ਕਰਦਾ ਹੈ, ਜਿਵੇਂ "ਮੰਮੀ ਗਈ?" ਜਾਂ "ਸਭ ਹੋ ਗਿਆ"
- ਸਾਦੇ ਵਾਕਾਂ ਨੂੰ ਸਮਝਦਾ ਹੈ ਅਤੇ ਪੂਰੇ ਵਾਕ ਲਈ ਇੱਕ ਸ਼ਬਦ ਹੀ ਬੋਲਦਾ ਹੈ – ਜਿਵੇਂ ਕਿ "ਮੈਨੂੰ ਹੋਰ ਚਾਹੀਦਾ ਹੈ" ਦੀ ਥਾਂ "ਹੋਰ"
- ਕਿਤਾਬ ਵਿਚ ਫੋਟੋਆਂ ਦੇ ਨਾਮ ਲੈਂਦਾ ਹੈ
- ਸਾਦੇ ਨਿਰਦੇਸ਼ਾਂ ਨੂੰ ਸਮਝਦਾ ਹੈ
- ਜਿੰਨਾ ਜ਼ਿਆਦਾ ਸਮਝਦਾ ਹੈ ਉਤਨਾ ਕਹਿ ਨਹੀਂ ਸਕਦਾ
- ਸਭ ਦੇ ਧਿਆਨ ਦਾ ਕੇਂਦਰ ਬਣ ਕੇ ਖੁਸ਼ ਹੁੰਦਾ ਹੈ
- ਆਪਣੇ ਆਪ ਖੇਡਦਾ ਹੈ ਅਤੇ ਖਿਡੌਣੇ ਸਾਂਝੇ ਨਹੀਂ ਕਰਦਾ
- ਮਾਪਿਆਂ ਵੱਲੋਂ ਨਿਸ਼ਚਿਤ ਸੀਮਾਵਾਂ ਨਾਲ ਸਹਿਮਤੀ ਜਾਂ ਵਿਰੋਧ ਕਰਦਾ ਹੈ
- ਬੜੀ ਜਲਦੀ ਨਿਰਾਸ਼ ਹੋ ਜਾਂਦਾ ਹੈ ਅਤੇ ਕੋਈ ਵੀ ਚੀਜ਼ ਹੁਣੇ ਲੈਣ ਲਈ ਬੇਸਬਰ ਹੁੰਦਾ ਹੈ
- ਰੋਂਦਾ ਘੱਟ ਹੈ ਪਰ ਚੀਕਦਾ ਜ਼ਿਆਦਾ ਹੈ
- "ਨਾ" ਸ਼ਬਦ ਸਹੀ ਤਰੀਕੇ ਨਾਲ ਵਰਤਦਾ ਹੈ ਜਾਂ ਸਿਰ ਹਿਲਾਉਂਦਾ ਹੈ
- ਕਿਸੇ ਖਾਸ ਖਿਡੌਣੇ ਜਾਂ ਕੰਬਲ ਨੂੰ ਜ਼ਿਆਦਾ ਪਸੰਦ ਕਰਦਾ ਹੈ
- ਯਾਦ-ਦਾਸ਼ਤ ਬਹੁਤ ਘੱਟ ਹੁੰਦੀ ਹੈ ਤੁਹਾਡੇ ਨਹੀਂ ਕਹਿਣ ਤੇ ਫਿਰ ਉਹ ਹੀ ਕੰਮ ਕਰੇਗਾ। ਹੋ ਸਕਦਾ ਹੈ ਕਿ ਤੁਹਾਡੇ ਕਹਿਣ ਦੇ ਉਲਟ ਕੰਮ ਕਰੇ।

## 18 ਤੋਂ 36 ਮਹੀਨਿਆਂ ਦਾ ਤੁਹਾਡਾ ਬੱਚਾ:

- 2 ਜਾਂ 3 ਸ਼ਬਦਾਂ ਵਾਲੇ ਵਾਕ ਬੋਲਦਾ ਹੈ
- ਸਬਦਾਂ ਜਾਂ ਇਸ਼ਾਰਿਆਂ ਨਾਲ ਮਦਦ ਮੰਗਦਾ ਹੈ
- ਗਿਣਤੀ ਕਰ ਸਕਦਾ ਹੈ ਅਤੇ ਨਵੇਂ ਸ਼ਬਦ ਵਰਤਦਾ ਹੈ
- ਆਕਾਰਾਂ ਅਤੇ ਸਾਈਜ਼ਾਂ ਨੂੰ ਸਮਝਦਾ ਹੈ
- ਆਪਣੇ ਮਨੋਭਾਵ ਦਿਖਾਉਂਦਾ ਹੈ ਅਤੇ ਮੂਡ ਬਦਲਦਾ ਹੈ ਜਾਂ ਰੁੱਸਦਾ ਹੈ
- ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਦਾ ਹੈ ਅਤੇ ਪ੍ਰਤੀਕ੍ਰਿਆ ਕਰਦਾ ਹੈ
- ਮਨਜ਼ੂਰੀ ਚਾਹੁੰਦਾ ਹੈ ਅਤੇ ਸਿਫਤ ਚਾਹੁੰਦਾ ਹੈ
- ਬਹੁਤ ਸੁਆਲ ਪੁੱਛਦਾ ਹੈ
- ਕਹਿਣ ਤੇ ਕੰਮ ਕਰਦਾ ਹੈ ਜਿਵੇਂ ਕਿ "ਆਪਣਾ ਕੋਟ ਲਿਆਓ"
- ਹੌਲੀ ਹੌਲੀ ਇੱਕ ਹੱਥ ਨਾਲੋਂ ਦੂਜੇ ਨੂੰ ਜ਼ਿਆਦਾ ਵਰਤਦਾ ਹੈ
- ਪੌੜੀਆਂ ਚੜ੍ਹ ਅਤੇ ਉਤਰ ਸਕਦਾ ਹੈ
- ਤਿੰਨਾਂ ਪਹੀਆਂ ਵਾਲਾ ਸਾਈਕਲ ਚਲਾਉਣਾ ਸਿੱਖ ਸਕਦਾ ਹੈ
- ਦੌੜ ਸਕਦਾ ਹੈ, ਚੜ੍ਹ ਸਕਦਾ ਹੈ, ਕਿੱਕ ਮਾਰ ਸਕਦਾ ਹੈ ਅਤੇ ਬਾਲ ਸੁੱਟ ਸਕਦਾ ਹੈ
- ਸੰਗੀਤ ਨਾਲ ਨੱਚ ਕੇ ਖੁਸ਼ ਹੁੰਦਾ ਹੈ
- ਕਹਾਣੀਆਂ ਸੁਣਾਉਂਦਾ ਹੈ, ਗਾਣੇ ਗਾਉਂਦਾ ਹੈ ਅਤੇ ਖੇਡਦਾ ਹੈ
- ਜ਼ਿਆਦਾ ਕੰਮ ਆਪਣੇ ਆਪ ਕਰਨ ਦੀ ਕੋਸ਼ਿਸ਼ ਕਰਦਾ ਹੈ
- ਘਰ ਦੇ ਛੋਟੇ ਮੋਟੇ ਕੰਮਾਂ ਵਿਚ ਮਦਦ ਕਰਦਾ ਹੈ, ਜਿਵੇਂ ਕਿ ਲੌਂਡਰੀ ਨੂੰ ਡਰਾਇਰ ਵਿੱਚੋਂ ਕੱਢਣਾ
- ਕੋਈ ਚੀਜ਼ ਸਾਂਝੀ ਕਰਨੀ ਔਖੀ ਲੱਗਦੀ ਹੈ ਅਤੇ 'ਨਹੀਂ' ਜਾਂ 'ਮੇਰਾ' ਕਹਿੰਦਾ ਹੈ
- ਰੋਜ਼ਾਨਾ ਦੀ ਰੁਟੀਨ ਨੂੰ ਯਾਦ ਰੱਖ ਸਕਦਾ ਹੈ
- ਜਾਣੇ ਪਹਿਚਾਣੇ ਲੋਕਾਂ ਨੂੰ ਪਹਿਚਾਣਦਾ ਅਤੇ ਨਾਮ ਲੈਂਦਾ ਹੈ
- ਨਵੇਂ ਲੋਕਾਂ, ਚੀਜ਼ਾਂ ਜਾਂ ਆਵਾਜ਼ਾਂ ਵਿਚ ਦਿਲਚਸਪੀ ਦਿਖਾਉਂਦਾ ਹੈ
- ਇਕੱਲਿਆਂ ਅਤੇ ਹੋਰ ਬੱਚਿਆਂ ਦੇ ਨਜ਼ਦੀਕ ਖੇਡ ਕੇ ਖੁਸ਼ ਹੁੰਦਾ ਹੈ
- 36 ਮਹੀਨਿਆਂ ਦਾ ਹੋਣ ਤੇ, ਦੂਜਿਆਂ ਨਾਲ ਧੋਖਾ ਦੇਣ ਵਾਲੀ ਖੇਡ ਖੇਡਣ ਵਿੱਚ ਖੁਸ਼ ਹੁੰਦਾ ਹੈ
- ਜ਼ਿਆਦਾ ਦੇਰ ਦਿਲਚਸਪੀ ਦਿਖਾਉਂਦਾ ਹੈ
- ਗਲਤੀਆਂ ਕਰ ਕਰ ਕੇ ਸਮੱਸਿਆਵਾਂ ਹੱਲ ਕਰਦਾ ਹੈ
- ਸਮੂਹਕ ਕੰਮਾਂ ਵਿੱਚ ਹਿੱਸਾ ਲੈਂਦਾ ਹੈ
- ਪਿਆਰ ਨੂੰ ਖੁੱਲ੍ਹੇ ਰੂਪ ਵਿੱਚ ਵਿਖਾਉਂਦਾ ਹੈ ਜਿਵੇਂ ਕਿ ਜੱਫੀ ਪਾਉਣਾ
- ਸਮਾਜਿਕ ਬੋਲੀ ਬੋਲਦਾ ਹੈ ਜਿਵੇਂ ਕਿ ਹਾਂ ਜੀ ਅਤੇ ਧੰਨਵਾਦ
- ਵੱਡਿਆਂ ਦੇ ਵਰਤੋਂ ਵਿਵਹਾਰ ਦੀ ਕਾਪੀ ਕਰਦਾ ਹੈ
- ਕਈ ਵਾਰ ਦੁਖੀ ਹੁੰਦਾ ਹੈ ਕਿਉਂਕਿ ਉਹ ਜਿੰਨਾ ਕਰ ਸਕਦਾ ਹੈ ਉਸ ਨਾਲੋਂ ਜ਼ਿਆਦਾ ਕਰਨਾ ਚਾਹੁੰਦਾ ਹੈ।
- ਬਾਸ ਬਣਨ ਦੀ ਕੋਸ਼ਿਸ਼ ਕਰਦਾ ਹੈ ਪਰ ਜਾਣਦਾ ਚਾਹੁੰਦਾ ਹੈ ਕਿ ਮਾਪੇ ਸੀਮਾਵਾਂ ਤੈਅ ਕਰਦੇ ਹਨ
- ਬਹੁਤ ਡਰਦਾ ਹੈ ਅਤੇ ਰਾਤੀਂ ਡਰਾਉਣੇ ਸੁਪਨੇ ਆ ਸਕਦੇ ਹਨ

## ਹੋਰ ਜਾਣਕਾਰੀ ਲਈ

ਬੱਚੇ ਦੀ ਸਿਹਤ ਅਤੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਸਾਧਨ ਦੇਖੋ:

- HealthLinkBC File #92a ਤੁਹਾਡਾ ਬੱਚਾ ਅਤੇ ਖੇਡ ਜਨਮ ਤੋਂ 3 ਸਾਲਾਂ ਤੱਕ
- HealthLinkBC File #92c ਤੁਹਾਡੇ ਬੱਚੇ ਦੀਆਂ ਭਾਵਨਾਵਾਂ
- HealthLinkBC File #92d ਟਾਇਲੈੱਟ ਦੀ ਸਿਖਲਾਈ
- HealthLinkBC File #92e ਸੌਣ ਦਾ ਸਮਾਂ
- ਹੈਲਦੀ ਫੈਮੇਲੀਜ਼ ਬੀਸੀ (Healthy Families BC) - www.healthyfamiliesbc.ca/parenting
- ਬੇਬੀਜ਼ ਬੇਸਟ ਚਾਂਸ (Baby's Best Chance) (PDF 16.67 MB) - www.health.gov.bc.ca/library/publications/year/2017/BabysBestChance-Sept2017.pdf